# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ...29620....../ਸੀ.ਓ.ਈ.

ਮਿਤੀ...24/04/2025........

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚੁਐਂਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਯੂਨੀਵਰਸਿਟੀ ਦੀਆਂ ਸਾਰੀਆਂ ਕਲਾਸਾਂ ਦੇ ਸਿਲੇਬਸਾਂ ਵਿੱਚ ਜਿਹੜੇ ਵੀ Qualifying ਪਰਚੇ ਹਨ ਅਤੇ ਮੈਰਿਟ ਬਣਾਉਣ ਵੇਲੇ ਇਨਾਂ ਦੇ ਅੰਕ ਜਾਂ ਗ੍ਰੇਡ ਨਹੀਂ ਵਰਤੇ ਜਾਂਦੇ, ਉਨਾਂ ਦੀਆਂ ਪ੍ਰੀਖਿਆਵਾਂ ਵਿਭਾਗ/ਕਾਲਜ ਪਹਿਲਾਂ ਵਾਂਗ ਹੀ ਆਪਣੇ ਪੱਧਰ ਤੇ ਕਰਵਾਉਣਗੇ। ਇਨ੍ਹਾਂ ਦੇ ਅੰਕ ਆਨਲਾਇਨ ਕਾਲਜ/ਵਿਭਾਗ ਵੱਲੋਂ ਚੜ੍ਹਾਏ ਜਾਣਗੇ। ਇਹ ਪ੍ਰੀਖਿਆ ਵਿਭਾਗ/ਕਾਲਜ ਵੱਲੋਂ ਜਿਹੜਾ Qualifying ਪੇਪਰ ਜਿਸ ਵਿੱਚ ਸਮੈਸਟਰ ਵਿੱਚ ਕਰਵਾਇਆ ਜਾਣਾ ਹੈ, ਉਸ ਸਮੈਸਟਰ ਵਿੱਚ ਹੀ ਕਰਵਾਇਆ ਜਾਵੇ ਅਤੇ ਅੰਕ ਪ੍ਰੀਖਿਆ ਸ਼ਾਖਾ ਵੱਲੋਂ ਜਾਰੀ ਕੀਤੇ ਗਏ ਰੋਲ ਨੰਬਰਾਂ ਦੇ ਵਿਰੁੱਧ ਹੀ ਚੜ੍ਹਾਏ ਜਾਣਗੇ। ਇਨ੍ਹਾਂ ਪਰਚਿਆਂ ਨੂੰ ਪ੍ਰੀਖਿਆ ਸ਼ਾਖਾ ਵੱਲੋਂ ਜਾਰੀ ਕੀਤੇ ਗਏ ਰੋਲ ਨੰਬਰਾਂ ਵਿਰੁੱਧ ਹੀ ਚੜ੍ਹਾਏ ਜਾਣਗੇ। ਇਨ੍ਹਾਂ ਪਰਚਿਆਂ ਨੂੰ ਪ੍ਰੀਖਿਆ ਸ਼ਾਖਾ ਵੱਲੋਂ ਜਾਰੀ ਕੀਤੀ ਡੇਟਸ਼ੀਟ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਇਹ ਫੈਸਲਾ ਦਸੰਬਰ, 2023 ਦੀਆਂ ਪ੍ਰੀਖਿਆਵਾਂ ਤੋਂ ਪਹਿਲਾਂ ਹੀ ਲਾਗੂ ਹੋ ਚੁੱਕਾ ਹੈ ਅਤੇ ਮਈ, 2025 ਤੋਂ ਬਾਅਦ ਵੀ ਲਾਗੂ ਰਹੇਗਾ। ਇਹ ਫੈਸਲਾ ਪ੍ਰਾਈਵੇਟ ਜਾਂ ਸੈਂਟਰ ਫਾਰ ਡਿਸਟੈਂਸ ਆਨਲਾਈਨ ਐਜੂਕੇਸ਼ਨ ਵਿਭਾਗ ਦੇ ਵਿਦਿਆਰਥੀਆਂ ਤੇ ਲਾਗੂ ਨਹੀਂ ਹੋਵੇਗਾ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜਾ Qualifying ਪੇਪਰ ਜਿਸ ਸਮੈਸਟਰ ਵਿੱਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਕਰਵਾਇਆ ਜਾਣਾ ਹੈ, ਉਸੇ ਸਮੈਸਟਰ ਵਿੱਚ ਹੀ ਕਰਵਾ ਲਿਆ ਜਾਵੇ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ NEP-2020 ਦੀ ਤਰਜ਼ ਤੇ ਸ਼ੁਰੂ/ਸੋਧ ਕੀਤੇ ਕੁਝ ਕੋਰਸਾਂ ਵਿੱਚ Qualifying ਪੇਪਰ, ਜੋ ਕੋਰਸ NEP-2020 ਅਧੀਨ ਨਹੀਂ ਆਉਂਦੇ ਹਨ ਅਤੇ ਹੁਣ VAC ਕੋਰਸਾਂ ਦੇ ਅਧੀਨ ਨੰਬਰ ਨਤੀਜੇ ਵਿੱਚ ਜੁੜਦੇ ਹਨ, ਪ੍ਰੰਤੂ ਇਹ ਕੋਰਸ ਦੋ/ਤਿੰਨ ਕਰੈਡਿਟ ਦੇ ਹੋਣ ਕਾਰਨ ਸਮੂਹ ਵਿਭਾਗਾਂ/ਕਾਲਜਾਂ/ਨੇਬਰਹੁੱਡ ਕੈਂਪਸ/ਕਾਂਸਟੀਚੁਐਂਟ ਕਾਲਜ ਆਪਣੇ ਆਪਣੇ ਪੱਧਰ ਤੇ ਹੀ ਕਰਵਾਉਣਗੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਉਪਰੋਕਤ ਸਾਰੇ ਪੇਪਰ ਯੂਨੀਵਰਸਿਟੀ ਵੱਲੋਂ ਕਰਵਾਏ ਜਾਣ ਵਾਲੇ ਪੇਪਰਾਂ ਦੇ ਰੈਗੂਲਰ ਸ਼ਡਿਊਲ ਤੋਂ ਪਹਿਲਾਂ ਜਾਂ ਮਈ, 2025 ਦੇ ਦੌਰਾਨ ਕਰਵਾ ਲਏ ਜਾਣਗੇ। ਇਹਨਾਂ ਪੇਪਰਾਂ ਦੇ ਅਵਾਰਡ ਮੁਲਾਂਕਣ ਕਰਵਾਉਣ ਉਪਰੰਤ ਪੇਪਰ ਹੋਣ ਤੋਂ 20 ਦਿਨਾਂ ਦੇ ਅੰਦਰ-ਅੰਦਰ ਯੂਨਵਰਸਿਟੀ ਪੋਰਟਲ ਤੇ ਚੜ੍ਹਾਉਣ ਨੂੰ ਯਕੀਨੀ ਬਣਾਇਆ ਜਾਵੇ।

Sharma 24/04/25

ਕੰਟਰੋਲਰ (ਪ੍ਰੀਖਿਆਵਾਂ)

Scanned with CamScanner

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ. 29622 /ਸੀ.ਓ.ਈ.

ਮਿਤੀ 24/04/2025

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚੁਐਂਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਕੰਟਰੋਲਰ ਦਫਤਰ ਵੱਲੋਂ ਪਹਿਲਾਂ ਜਾਰੀ ਕੀਤੇ ਗਏ ਪੱਤਰ ਨੰ. 2828/ਸੀ.ਓ.ਈ. ਮਿਤੀ 04.03.2025 ਦੀ ਲਗਾਤਾਰਤਾ ਦੇ ਸਬੰਧ ਵਿੱਚ NEP-2020 ਅਧੀਨ IDC/MDC ਅਤੇ SEC ਜਿਹੜਾ ਕੋਰਸਾਂ ਵਿੱਚ 03 ਕਰੈਡਿਟ ਦਾ ਪੇਪਰ 03 ਘੰਟੇ ਕੀਤਾ ਗਿਆ ਹੈ। ਇਹ 03 ਕਰੈਡਿਟ ਦਾ ਪੇਪਰ 100 ਨੰਬਰ ਦਾ ਹੋਵੇਗਾ। ਇਸ ਵਿਚ ਇੰਟਰਨਲ/ਐਕਸਟਰਨਲ ਅੰਕਾਂ ਦੀ ਵੰਡ 30/70 ਹੋਵੇਗੀ।

Sharma
24/04/25

ਕੰਟਰੋਲਰ (ਪ੍ਰੀਖਿਆਵਾਂ)

Scanned with CamScan

## ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)

### (ਪ੍ਰਸ਼ਨ ਪੱਤਰ ਡਿਸਪੈਚ ਸੈਕਸ਼ਨ)

ਨੰ: 438/ਗੁਪਤ

ਮਿਤੀ: 24.4.25

ਪ੍ਰਿੰਸੀਪਲ/ਮੁਖੀ ਸਾਹਿਬਾਨ

ਸਮੂਹ ਕਾਲਜ/ ਵਿਭਾਗ/ਕੰਸਟੀਚਿਊਟ ਕਾਲਜ/ ਨੇਬਰਹੁੱਡ ਕੈਂਪਸ

ਵਿਸ਼ਾ: ਮਈ 2025 ਦੀਆਂ ਸਮੈਸਟਰ ਪ੍ਰੀਖਿਆਵਾਂ ਦੇ ਪ੍ਰਸ਼ਨ-ਪੱਤਰਾਂ ਦੀ ਸਪਲਾਈ ਕਰਨ ਸਬੰਧੀ

ਸ੍ਰੀ ਮਾਨ/ਸ਼੍ਰੀ ਮਤੀ ਜੀ,

ਯੂਨੀਵਰਸਿਟੀ ਦੀਆਂ ਅੰਡਰਗ੍ਰੈਜੂਏਟ/ਪੋਸਟ ਗਰੈਜੂਏਟ ਪੱਧਰ ਦੀਆਂ ਮਈ 2025 ਦੀਆਂ ਸਮੈਸਟਰ ਪ੍ਰੀਖਿਆਵਾਂ ਮਿਤੀ 05-05-2025 ਤੋਂ ਸ਼ੁਰੂ ਹੋ ਰਹੀਆਂ ਹਨ। ਇਨਾਂ ਪ੍ਰੀਖਿਆਵਾਂ ਲਈ ਪ੍ਰਸ਼ਨ-ਪੱਤਰ ਅਤੇ ਹੋਰ ਸਮੱਗਰੀ ਮਿਤੀ 30-04-2025 ਅਤੇ 2 - 05-2025 ਅਤੇ 03-05-2025 ਨੂੰ ਆਪ ਜੀ ਦੇ ਕਾਲਜ ਵਿਚ ਭੇਜੀ ਜਾਵੇਗੀ। ਕ੍ਰਿਪਾ ਕਰਕੇ ਆਪਣੇ ਕਾਲਜ ਦੇ ਸਬੰਧਿਤ ਕਰਮਚਾਰੀ ਨੂੰ ਇਸ ਦਿਨ ਦਫ਼ਤਰੀ ਸਮੇਂ ਤੋਂ ਬਾਅਦ ਵਿੱਚ ਵੀ ਕਾਲਜ ਵਿੱਚ ਹੀ ਹਾਜ਼ਰ ਰਹਿਣ ਲਈ ਹਦਾਇਤ ਕਰਨਾ ਜੀ ਤਾਂ ਜੋ ਪ੍ਰਸ਼ਨ-ਪੱਤਰ ਅਤੇ ਹੋਰ ਸਬੰਧਿਤ ਸਮੱਗਰੀ ਦੇਣ ਵਿਚ ਕੋਈ ਮੁਸ਼ਕਲ ਨਾ ਆਵੇ ਜੀ।

**ਜ਼ਰੂਰੀ ਨੋਟ:-**

ਯੂਨੀਵਰਸਿਟੀ ਵਲੋਂ ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ-ਪੱਤਰਾਂ ਦੇ ਪੈਕਟ ਇੱਕ ਤੋਂ ਵੱਧ ਗਿਣਤੀ ਵਿੱਚ ਭੇਜੇ ਜਾਂਦੇ ਹਨ ਤਾਂ ਦੂਜਾ ਪੈਕਟ ਵਿਦਿਆਰਥੀਆਂ ਦੀ ਗਿਣਤੀ ਦੇ ਸਨਮੁੱਖ ਲੋੜ ਪੈਣ ਤੇ ਹੀ ਖੋਲਿਆ ਜਾਵੇ। ਇਹ ਸਪੱਸਟ ਹੈ ਕਿ ਵਾਧੂ ਬਚਿਆ ਪੈਕਟ intact ( ਸੀਲਡ ਅਵਸਥਾ) ਵਿੱਚ ਯੂਨੀਵਰਸਿਟੀ ਨੂੰ ਵਾਪਸ ਕੀਤਾ ਜਾਵੇ। ਇਸ ਤੋਂ ਇਲਾਵਾ **ਜ਼ੇਕਰ ਕਿਸੇ ਹੋਰ ਸੈਂਟਰ ਦਾ ਪ੍ਰਸ਼ਨ-ਪੱਤਰ ਦਾ ਪੈਕਟ ਆਪ ਜੀ ਨੂੰ ਪ੍ਰਾਪਤ ਹੁੰਦਾ ਹੈ ਤਾਂ ਉਹ ਤੁਰੰਤ ਯੂਨੀਵਰਸਿਟੀ ਨੂੰ ਵਾਪਸ ਕੀਤਾ ਜਾਵੇ।**

2. ਪ੍ਰਸ਼ਨ-ਪੱਤਰਾਂ ਦੇ ਪੈਕਟ ਉਪਰ ਨੰਬਰ ਅਤੇ ਪੇਪਰ ਦਾ nomenclature ਲਿਖੇ ਹੋਏ ਹਨ। ਇਹ ਨੰਬਰ ਅਤੇ nomenclature, ਡੇਟ- ਸੀਟ ਵਿਚ ਵੀ ਦਰਸਾਏ ਗਏ ਹਨ। ਸੈਂਟਰ-ਸੁਪਰਡੈਂਟ ਨੂੰ ਇਹ ਸਪੱਸ਼ਟ ਹਦਾਇਤ ਕੀਤੀ ਜਾਵੇ ਕਿ ਪ੍ਰੀਖਿਆਵਾਂ ਵਾਲੇ ਦਿਨ ਪ੍ਰਸ਼ਨ-ਪੱਤਰਾਂ ਦਾ ਲਿਫਾਫਾ ਡੇਟ-ਸੀਟ/ਕੱਟ ਲਿਸਟ ਨਾਲ ਮਿਲਾਏ ਬਿਨਾਂ ਨਾ ਖੋਲਣ।

3. ਪ੍ਰੀਖਿਆ ਫਾਰਮ ਵਿਚ ਵਿਦਿਆਰਥੀ ਵਲੋ ਜਿਹੜੀ ਆਪਸ਼ਨ ਭਰੀ ਗਈ ਹੈ ਉਸੇ ਮੁਤਾਬਿਕ ਪ੍ਰਸ਼ਨ -ਪੱਤਰ -ਭੇਜੇ ਜਾਣੇ ਹਨ ਜੀ।

4.ਪ੍ਰਸ਼ਨ-ਪੱਤਰਾਂ ਦਾ ਇੰਚਾਰਜ ਇਹ ਯਕੀਨੀ ਬਣਾਏਗਾ ਕਿ ਉਸਦੇ ਕਾਲਜ ਦੇ ਵਿਚ ਹੋਣ ਵਾਲੇ ਪਰਚੇ ਉਸ ਕੋਲ ਉਪਲਬਧ ਹੋ ਗਏ ਹਨ। ਕਿਸੇ ਪਰਚੇ ਦੇ ਨਾਂ ਪ੍ਰਾਪਤ ਹੋਣ ਦੀ ਸੂਰਤ ਵਿੱਚ ਪਰਚਾ ਹੋਣ ਵਾਲੇ ਦਿਨ ਤੋਂ ਘੱਟੋ-ਘੱਟ ਦੋ ਦਿਨ ਪਹਿਲਾਂ ਯੂਨੀਵਰਸਿਟੀ ਨੂੰ ਹੇਠ ਲਿਖੇ ਨੰਬਰਾਂ ਤੇ ਸੂਚਿਤ ਕੀਤਾ ਜਾਵੇ ਅਤੇ ਇਨ੍ਹਾਂ ਨੰਬਰਾਂ ਤੋਂ ਇਲਾਵਾ ਪ੍ਰੀਖਿਆ ਸ਼ਾਖਾ ਦੇ ਸਬੰਧਿਤ ਸੈਂਟ ਨਾਲ ਵੀ ਗੱਲ ਕੀਤੀ ਜਾ ਸਕਦੀ ਹੈ ਤਾਂ ਜੋ ਇਸ ਨੂੰ ਵਕਤ ਸਿਰ ਉਪਲਬਧ ਕਰਵਾਇਆ ਜਾ ਸਕੇ।

9501348255, 9463556462, 9781249697, 9478683563

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ
ਡਾਇਰੀ ਨੰ. 29627
ਮਿਤੀ 24/4/25

ਵਿਸਵਾਸ਼ਪਾਤਰ,

Sharma 24/04/25

ਕੰਟਰੋਲਰ ( ਪ੍ਰੀਖਿਆਵਾਂ)

Scanned with CamScanner

—

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)

**( ਪ੍ਰਸ਼ਨ ਪੱਤਰ ਡਿਸਪੈਚ ਸੈਕਸ਼ਨ)**

ਨੰ: ...440........./ਗੁਪਤ

ਮਿਤੀ: 24.04.25

ਸਮੂਹ ਅਧਿਆਪਨ,

ਵਿਭਾਗਾਂ ਦੇ ਮੁਖੀ ਸਾਹਿਬਾਨ

ਵਿਸ਼ਾ: ਮਈ 2025 ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ ਦੇ ਪ੍ਰਸ਼ਨ-ਪੱਤਰਾਂ ਸਬੰਧੀ।

ਸ਼੍ਰੀ ਮਾਨ/ਸ਼੍ਰੀ ਮਤੀ ਜੀ,

ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਮਈ 2025 ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ ਲਈ ਵਿਭਾਗਾਂ ਵਿੱਚ ਨੱਥੀ ਲਿਸਟ ਅਨੁਸਾਰ ਕੁੱਲ 57 ਪ੍ਰੀਖਿਆ ਕੇਂਦਰ ਬਣਾਏ ਗਏ ਹਨ। ਆਪ ਜੀ ਦੇ ਵਿਭਾਗ ਵਿੱਚ ਪ੍ਰੀਖਿਆ ਕੇਂਦਰ ਤੇ ਤੈਨਾਤੀ ਅਮਲੇ ਲਈ ਜਿਸ ਕਰਮਚਾਰੀ (ਕਲਰਕ/ਸੀਨੀਅਰ ਸਹਾਇਕ) ਦੀ ਡਿਊਟੀ ਲਗਾਈ ਜਾਵੇਗੀ, ਉਸ ਕਰਮਚਾਰੀ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਪ੍ਰਖਿਆਵਾਂ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ ਕੰਨਫੀਡੈਂਸ਼ਲ ਬ੍ਰਾਂਚ ਦੀ ਡਿਸਪੈਚ ਸੈਕਸ਼ਨ ਤੋਂ ਪ੍ਰਸ਼ਨ-ਪੱਤਰ ਪ੍ਰਾਪਤ ਕਰ ਲੈਣ ਅਤੇ ਜਿਹੜੇ ਕਲਰਕ/ਸੀਨਅਰ ਸਹਾਇਕ ਦੀ ਡਿਊਟੀ ਆਪ ਜੀ ਵੱਲੋਂ ਲਗਾਈ ਜਾਣੀ ਹੈ, ਉਸ ਕਰਮਚਾਰੀ ਨੂੰ ਯੂਨੀਵਰਸਿਟੀ ਸਨਾਖਤੀ ਕਾਰਡ ਦੀ ਫੋਟੋ ਕਾਪੀ ਨਾਲ ਲੈ ਕੇ ਭੇਜਣਾ ਜੀ ਅਤੇ ਵਿਭਾਗ ਦੇ ਮੁਖੀ ਸਾਹਿਬਾਨ ਜੀ ਨੂੰ ਇਹ ਬੇਨਤੀ ਹੈ ਕਿ ਜਿਹੜੇ ਕਰਲਕ/ ਸੀਨੀਅਰ ਸਹਾਇਕ ਦੀ ਡਿਊਟੀ ਆਪ ਜੀ ਵਲੋਂ ਲਗਾਈ ਜਾਵੇਗੀ ਉਸ ਕਰਮਚਾਰੀ ਦੀ ਡਿਊਟੀ ਪੇਪਰਾਂ ਦੇ ਅੰਤ ਤੱਕ ਲਗਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ, ਤਾਂ ਜੋ ਦਫ਼ਤਰ ਨੂੰ ਕਿਸੇ ਤਰਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਪ੍ਰਸ਼ਨ-ਪੱਤਰ ਲੈਣ ਲਈ ਐਗਜ਼ਾਮੀਨੇਸ਼ਨ ਬ੍ਰਾਂਚ ਦੀ (ਨਵੀਂ ਬਿਲਡਿੰਗ,ਗਰਾਉਂਡ ਫਲੋਰ) ਤੇ ਗੁਪਤ ਸ਼ਾਖਾ ਦੇ ਡਿਸਪੈਚ ਸੈਂਟ ਤੇ ਤਾਲਮੇਲ ਕੀਤਾ ਜਾਵੇ। ਜੇਕਰ ਫਿਰ ਵੀ ਕੋਈ ਪ੍ਰੇਸ਼ਾਨੀ ਪੇਸ਼ ਆਉਂਦੀ ਹੈ ਤਾਂ ਮੋਬਾਈਲ ਨੰ: 95013-48255 ਜਾਂ 9463556462,94786-83563 ਤੇ ਸੰਪਰਕ ਕੀਤਾ ਜਾ ਸਕਦਾ ਹੈ।

Sharma
24/04/25

ਕੰਟਰੋਲਰ ਪ੍ਰੀਖਿਆਵਾ

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ
ਡਾਇਰੀ ਨੰ:...29628.........
ਮਿਤੀ:...24/04/25..........